ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
ਸੰਸਥਾ: ਮੁੱਖ ਇੰਜ:/ਐਚ.ਆਰ.ਡੀ
(ਭਾਸ਼ਾ ਭਾਗ)

ਨਿਗ:ਇੰਜ:/ਆਈ.ਟੀ.(ਏ ਤੇ ਪੀ ਐਸ) 1499 2/8/13

ਵੱਲ

1. ਡੀਜੀਪੀ/ਵੀ ਅਤੇ ਐਸ,ਪੀਐਸਪੀਸੀਐਲ,ਪਟਿਆਲਾ ।
2. ਸਾਰੇ ਇੰਜ:ਇੰਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ,ਪੀਐਸਪੀਸੀਐਲ ।
3. ਸਲਾਹਕਾਰ/ਵਿੱਤ, ਪੀਐਸਪੀਸੀਐਲ,ਪਟਿਆਲਾ ।
4. ਮੁੱਖ ਪ੍ਰਬੰਧਕੀ/ਆਈ.ਆਰ ਤੇ ਡਬਲਯੂ ਪੀਐਸਪੀਸੀਐਲ,ਪਟਿਆਲਾ ।
5. ਸਾਰੇ ਮੁੱਖ ਲੇਖਾ ਅਫਸਰ,ਮੁੱਖ ਆਡੀਟਰ ਅਤੇ ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪੀਐਸਪੀਸੀਐਲ ।
6. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ, ਪੀਐਸਪੀਸੀਐਲ ।
7. ਸਾਰੇ ਸੀ.ਕਾ.ਕਾ.ਇੰਜ:/ਕਾਰਜਕਾਰੀ ਇੰਜੀਨੀਅਰ ਅਤੇ ਉਪ ਮੰਡਲ ਅਫਸਰ ਪੀਐਸਪੀਸੀਐਲ ।
8. ਭੌਂ ਪ੍ਰਾਪਤੀ ਕੁਲੈਕਟਰ, ਪੀਐਸਪੀਸੀਐਲ ।
9. ਕਾਨੂੰਨੀ ਸਲਾਹਕਾਰ ।
10. ਸਾਰੇ ਉਪ ਸਕੱਤਰ/ਅਧੀਨ ਸਕੱਤਰ, ਪੀਐਸਪੀਸੀਐਲ ।

ਮੀਮੋ ਨੰ: 71472/73273/ਭਾਸ਼ਾ-33 ਮਿਤੀ: 1/8/13

ਵਿਸ਼ਾ: **ਪੰਜਾਬ ਵਿੱਚ ਪੰਜਾਬੀ ਭਾਸ਼ਾ ਬਚਾਉ ਅਤੇ ਪੰਜਾਬ ਸਰਕਾਰ ਦੇ ਭਾਸ਼ਾ ਤਰਮੀਮ ਐਕਟ 2008 ਤਹਿਤ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਬਾਰੇ ।**

ਹਵਾਲਾ: ਇਸ ਦਫਤਰ ਦੇ ਦਫਤਰੀ ਪੱਤਰ ਨੰ:614/1114 ਮਿਤੀ:10-10-12 ਦੀ ਲਗਾਤਾਰਤਾ ਵਿੱਚ ।

ਪੰਜਾਬ ਸਰਕਾਰ ਦੇ ਭਾਸ਼ਾ ਤਰਮੀਮ ਐਕਟ 2008 ਉਚੇਰੀ ਸਿਖਿਆ ਅਤੇ ਭਾਸ਼ਾ ਵਿਭਾਗ (ਸਿਖਿਆ ਸੈਲ) ਦੇ ਪੱਤਰ ਨੰ:12/54/08-1 1704 ਮਿਤੀ:21-11-2008 ਜਿਸ ਅਧੀਨ ਪੰਜਾਬ ਸਰਕਾਰ ਅਤੇ ਇਸਦੇ ਅਦਾਰਿਆਂ ਨੂੰ ਦਫਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਦੀ ਹਦਾਇਤ ਕੀਤੀ ਗਈ ਹੈ । ਪੰਜਾਬ ਸਰਕਾਰ ਦੇ ਇਸ ਐਕਟ ਦੀ ਪਾਲਣਾ ਕਰਨ ਹਿੱਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁਲੱਤ ਕਰਨ ਅਤੇ ਦਫਤਰੀ ਕੰਮ-ਕਾਜ ਪੰਜਾਬੀ ਵਿੱਚ ਕਰਨ ਲਈ ਭਾਸ਼ਾ ਭਾਗ, ਪੀਐਸਪੀਸੀਐਲ, ਪਟਿਆਲਾ ਵੱਲੋਂ ਸਮੇਂ-2 ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ।

ਪਰਤੋ ਜੀ

ਸ੍ਰ: ਸੁਰਜੀਤ ਸਿੰਘ ਸੰਚਾਲਕ, ਪੰਜਾਬੀ ਭਾਸ਼ਾ ਬਚਾਉ ਸਭਾ, ਦੀ ਪ੍ਰਤੀ-ਬੇਨਤੀ ਜੋ ਕਿ ਮਾਨਯੋਗ ਸੀ.ਐਮ.ਡੀ, ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਨੂੰ ਸੰਬੋਧਿਤ ਹੈ, ਜਿਸ ਵਿੱਚ ਬੇਨਤੀ ਕੀਤੀ ਗਈ ਹੈ ਕਿ ਬਿਜਲੀ ਨਿਗਮ ਦੇ ਇਸ਼ਤਿਹਾਰ ਅੰਗਰੇਜੀ ਭਾਸ਼ਾ ਵਿੱਚ ਛੱਪਦੇ ਹਨ ਅਤੇ ਦਫਤਰੀ ਕੰਮ ਕਾਜ ਵੀ ਅੰਗਰੇਜੀ ਵਿੱਚ ਕੀਤਾ ਜਾਂਦਾ ਹੈ । ਅਜਿਹਾ ਕਰਨ ਨਾਲ ਪੰਜਾਬੀ ਮਾਂ ਬੋਲੀ ਦਾ ਅਪਮਾਨ ਕੀਤਾ ਜਾ ਰਿਹਾ ਹੈ ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੰਜਾਬੀ ਭਾਸ਼ਾ ਬਚਾਉ ਸਭਾ ਦੇ ਇਸ ਪੱਤਰ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ **ਸਮੁੱਚੇ ਕਰਮਚਾਰੀਆਂ/ਅਧਿਕਾਰੀਆਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਕਰਮਚਾਰੀ/ਅਧਿਕਾਰੀ ਦਫਤਰੀ ਚੈਕਿੰਗ ਦੌਰਾਨ ਇਹਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹਨਾਂ ਵਿਰੁੱਧ ਪੰਜਾਬ ਭਾਸ਼ਾ (ਤਰਮੀਮ) ਐਕਟ-2008 ਅਤੇ ਪੰ.ਰਾ.ਪਾ.ਕਾ.ਲਿ:, ਦੇ (ਦੰਡ ਅਤੇ ਅਪੀਲ ) ਨਿਯਮ ਉਪਬੰਧ 1971 ਦੇ ਤਹਿਤ ਕਾਰਵਾਈ ਕੀਤੀ ਜਾਵੇਗੀ ।**

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ ।

ਭਾਸ਼ਾ ਅਫਸਰ,
ਭਾਸ਼ਾ ਭਾਗ,ਪੀਐਸਪੀਸੀਐਲ,
ਪਟਿਆਲਾ ।

ਪਿੱਠ-ਅੰਕਣ ਨੰ: 73274/84 ਮਿਤੀ: 1/8/12

ਉਪਰਕੋਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੀਨੀਅਰ ਪੀ.ਐਸ ਟੂ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ,ਪੀਐਸਪੀਸੀਐਲ, ਪਟਿਆਲਾ ।
2. ਨਿੱਜੀ ਸਕੱਤਰ ਟੂ ਸਾਰੇ ਡਾਇਰੈਕਟਰਜ, ਪੀਐਸਪੀਸੀਐਲ, ਪਟਿਆਲਾ ।
3. **ਨਿਗਰਾਨ ਇੰਜ:/ਆਈ.ਟੀ, ਪੀਐਸਪੀਸੀਐਲ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੀ ਵੈਬਸਾਈਟ ਤੇ ਪਾ ਕੇ ਭਾਸ਼ਾ ਦਫਤਰ, ਪੀਐਸਪੀਸੀਐਲ, ਪਟਿਆਲਾ ਨੂੰ ਸੂਚਿਤ ਕੀਤਾ ਜਾਵੇ ਜੀ ।**
4. ਸੀਨੀਅਰ ਕਾਰਜਕਾਰੀ ਇੰਜੀਨੀਅਰ, ਪਬਲਿਕ ਰਿਲੇਸ਼ਨਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਇਸ਼ਤਿਹਾਰਬਾਜੀ ਪਾਲਿਸੀ / ਨਿਯਮਾਂ ਦੀ ਪਾਲਣਾ ਕੀਤੀ ਜਾਵੇ ।

ਭਾਸ਼ਾ ਅਫਸਰ,
ਪੀਐਸਪੀਸੀਐਲ,ਪਟਿਆਲਾ